ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਐਸ ਜੀ ਇਨਕਲੇਵ ਰਹਿੰਦੇ 'ਕੋਰੋਨਾ ਯੋਧਿਆਂ' ਦਾ ਕਾਲੋਨੀ ਵਾਸੀਆਂ ਕੀਤਾ ਫੁੱਲਾਂ ਨਾਲ ਸਵਾਗਤ

ਅੰਮ੍ਰਿਤਸਰ, 5 ਮਈ ( )-ਸਰਕਾਰੀ ਅਧਿਕਾਰੀ ਅਤੇ ਕਰਮਚਾਰੀ, ਜੋ ਕਿ ਕੋਵਿਡ 19 ਵਿਰੁੱਧ ਚੱਲ ਰਹੀ ਜੰਗ ਵਿਚ ਮੋਰਚਿਆਂ ਵਿਚ ਅੱਗੇ ਹੋ ਕੇ ਲੜ ਰਹੇ ਹਨ, ਦੀ ਜਿਲਾ ਵਾਸੀ ਦਿਲੋਂ ਕਦਰ ਕਰਨ ਲੱਗੇ ਹਨ, ਚਾਹੇ ਇਹ ਡਾਕਟਰ ਹੋਣ, ਪੁਲਿਸ ਕਰਮੀ, ਸਫਾਈ ਕਰਮੀ ਜਾਂ ਜਿਲਾ ਪ੍ਰਸ਼ਾਸ਼ਨ ਵਿਚ ਵੱਖ-ਵੱਖ ਅਹੁਦਿਆਂ ਉਤੇ ਕੰਮ ਕਰਦੇ ਕਰਮਚਾਰੀ। ਕਾਰਨ ਸਪੱਸ਼ਟ ਹੈ ਕਿ ਜਦੋਂ ਸਾਰੇ ਲੋਕ ਘਰਾਂ ਵਿਚ ਬੈਠੇ ਹਨ ਅਤੇ ਇਹੀ ਲੋਕ ਸਾਡੀਆਂ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਲੱਗੇ ਹੋਏ ਹਨ। ਕਈ ਥਾਵਾਂ ਉਤੇ ਤਾਂ ਇਹ ਸਰਕਾਰੀ ਅਮਲਾ ਸਾਨੂੰ ਘਰਾਂ ਵਿਚ ਬਿਠਾਉਣ ਲਈ ਹੀ ਡਿਊਟੀ ਕਰ ਰਿਹਾ ਹੈ, ਕਿ ਅਸੀਂ ਕੋਈ ਲਾਪਰਵਾਹੀ ਨਾ ਕਰੀਏ ਅਤੇ ਘਰਾਂ ਵਿਚ ਰਹਿ ਕੇ ਆਪਣੇ ਅਤੇ ਆਪਣੇ ਪਰਿਵਾਰ ਨੂੰ ਸੁਰੱਖਿਅਤ ਰੱਖੀਏ।

ਅੱਜ ਅਜਿਹੀ ਇਕ ਮਿਸਾਲ ਮਜੀਠਾ ਰੋਡ ਸਥਿਤ ਐਸ ਜੀ ਇਨਕਲੇਵ ਵਿਚ ਉਸ ਵੇਲੇ ਸਥਾਨਕ ਨਿਵਾਸੀਆਂ ਵੱਲੋਂ ਉਦੋਂ ਮਿਲੀ, ਜਦੋਂ ਸਥਾਨਕ ਕਾਲੋਨੀ ਦੇ ਵਾਸੀ ਆਪਣੇ ਇਲਾਕੇ ਵਿਚ ਰਹਿੰਦੇ ਸਰਕਾਰੀ ਕਰਮਚਾਰੀਆਂ ਉਤੇ ਸਵੇਰ ਹੀ ਫੁੱਲਾਂ ਦੀ ਵਰਖਾ ਕਰਨ ਘਰਾਂ ਵਿਚ ਪਹੁੰਚ ਗਏ। ਐਸ ਜੀ ਇਨਕਲੇਵ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਅਸ਼ਵਨੀ ਕਟਾਰੀਆ, ਸ੍ਰੀਮਤੀ ਸਲੋਨੀ ਮਹਿਰਾ, ਸ. ਮਹਿੰਦਰ ਸਿੰਘ ਭੁੱਲਰ, ਸ੍ਰੀ ਅਨਿਲ ਮਲਹੋਤਰਾ ਤੇ ਹੋਰ ਵਾਸੀ ਦਿਨ ਚੜਦੇ ਹੀ ਆਪਣੀ ਕਾਲੋਨੀ ਵਿਚ ਰਹਿੰਦੇ ਕੋਰੋਨਾ ਯੋਧੇ ਜਿਸ ਵਿਚ ਡਾ. ਇੰਦਰਜੀਤ ਸਿੰਘ, ਡਾ. ਮਨਜੀਤ ਕੌਰ, ਐਸ. ਐਚ. ਓ ਸ੍ਰੀ ਗੁਰਮੀਤ ਸਿੰਘ ਮੱਲੀ, ਡੀ ਐਸ ਪੀ ਪ੍ਰਹਿਲਾਦ ਸਿੰਘ, ਤਹਿਸੀਲਦਾਰ ਲਛਮਣ ਸਿੰਘ, ਡੀ ਪੀ ਓ. ਐਸ. ਆਈ ਨਿਸ਼ਾਨ ਸਿੰਘ ਤੇ ਬਲਵਿੰਦਰ ਸਿੰਘ, ਨਰਸਿੰਗ ਸਟਾਫ ਵਿਚੋਂ ਸ੍ਰੀਮਤੀ ਸਤਿੰਦਰਪਾਲ ਕੌਰ, ਸ੍ਰੀਮਤੀ ਸੁਦੇਸ਼ ਸ਼ਰਮਾ, ਸ੍ਰੀਮਤੀ ਪੂਨਮ ਕੱਕੜ, ਸ੍ਰੀਮਤੀ ਵੀਨਾ ਸ਼ਰਮਾ ਦੇ ਘਰਾਂ ਵਿਚ ਗਏ ਅਤੇ ਉਨਾਂ ਤੇ ਫੁੱਲਾਂ ਦੀ ਵਰਖਾ ਕੇ ਧੰਨਵਾਦ ਪ੍ਰਗਟ ਕੀਤਾ।

-ਐਸ ਜੀ ਇਨਕਲੇਵ ਵਿਚ ਰਹਿੰਦੇ ਕੋਰੋਨਾ ਯੋਧਿਆਂ ਦਾ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕਰਦੇ ਉਥੋਂ ਦੇ ਵਾਸੀ।

===========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਸੋਨੀ ਪਰਿਵਾਰ ਅਤੇ ਦਾਨੀ ਸੱਜਣਾਂ ਵੱਲੋਂ ਭੇਜੇ ਰਾਸ਼ਨ ਦੇ 12 ਟਰੱਕ ਲੋੜਵੰਦਾਂ ਲਈ ਤੋਰੇ

ਸ੍ਰੀ ਓ ਪੀ ਸੋਨੀ ਨੇ ਕੀਤਾ ਅੰਮ੍ਰਿਤਸਰ ਦੇ ਦਾਨੀ ਲੋਕਾਂ ਦਾ ਧੰਨਵਾਦ

ਅੰਮ੍ਰਿਤਸਰ, 5 ਮਈ ( )-ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ, ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਅਤੇ ਪੁਲਿਸ ਕਮਿਸ਼ਨਰ ਸ. ਸੁਖਚੈਨ ਸਿੰਘ ਗਿੱਲ ਨੇ ਅੱਜ ਅੰਮ੍ਰਿਤਸਰ ਵਿਚ ਵੰਡਣ ਲਈ ਦਾਨੀ ਸੱਜਣਾਂ ਵੱਲੋਂ ਭੇਜੇ 12 ਟਰੱਕ, ਜਿੰਨਾ ਵਿਚ 5500 ਪਰਿਵਾਰਾਂ ਲਈ ਸੁੱਕਾ ਰਾਸ਼ਨ ਲੱਦਿਆ ਸੀ, ਰਵਾਨਾ ਕੀਤੇ। ਇਸ ਮੌਕੇ ਸੰਬੋਧਨ ਕਰਦੇ ਸ੍ਰੀ ਸੋਨੀ ਨੇ ਕਿਹਾ ਕਿ ਕਰਫਿਊ ਵਾਲੇ ਦਿਨ ਤੋਂ ਹੀ ਅਸੀਂ ਲੋੜਵੰਦ ਲੋਕਾਂ ਦੀ ਸਹਾਇਤਾ ਲਈ ਲੰਗਰ ਤੇ ਰਾਸ਼ਨ ਦਾ ਪ੍ਰਬੰਧ ਕਰ ਰਹੇ ਹਾਂ, ਜਿਸ ਵਿਚ ਪੰਜਾਬ ਸਰਕਾਰ ਦੇ ਨਾਲ-ਨਾਲ ਦਾਨੀ ਸੱਜਣ ਵੀ ਵੱਡਾ ਯੋਗਦਾਨ ਪਾ ਰਹੇ ਹਨ। ਉਨਾਂ ਕਿਹਾ ਕਿ ਸਾਨੂੰ ਖੁਸ਼ੀ ਤੇ ਤਸੱਲੀ ਹੈ ਕਿ ਅੰਮ੍ਰਿਤਸਰ ਵਿਚ ਆਮ ਲੋਕਾਂ ਵੱਲੋਂ ਵੀ ਲੰਗਰ ਵਿਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ ਅਤੇ ਇਨਾਂ ਸਾਰਿਆਂ ਦੀਆਂ ਕੋਸ਼ਿਸ਼ਾਂ ਸਦਕਾ ਜਿਲੇ ਵਿਚ ਕੋਈ ਪਰਿਵਾਰ ਭੁੱਖਾ ਨਹੀਂ ਸੌਂ ਰਿਹਾ। ਸ੍ਰੀ ਸੋਨੀ ਨੇ ਕਿਹਾ ਕਿ ਸਰਕਾਰ ਵੱਲੋਂ ਦਿੱਤੇ ਗਏ ਕੰਟਰੋਲ ਰੂਮ , ਜਿਸ ਵਿਚ ਰਾਜ ਪੱਧਰੀ ਤੇ ਜਿਲਾ ਪੱਧਰ ਦੇ ਕੰਟਰੋਲ ਰੂਮ ਨੰਬਰ ਸ਼ਾਮਿਲ ਹਨ, ਉਤੇ ਆਉਂਦੇ ਹਰੇਕ ਫੋਨ ਨੂੰ ਉਸਦੀ ਜ਼ਰੂਰਤ ਅਨੁਸਾਰ ਰਾਸ਼ਨ ਅਤੇ ਹੋਰ ਸਮਾਨ ਭੇਜਿਆ ਜਾ ਰਿਹਾ ਹੈ।

ਸ੍ਰੀ ਸੋਨੀ ਨੇ ਦੱਸਿਆ ਕਿ ਅੱਜ ਸੋਨੀ ਪਰਿਵਾਰ ਅਤੇ ਦਾਨੀ ਸੱਜਣ ਜਿੰਨਾ ਵਿਚ ਏ. ਐਸ. ਫਾਰਮ ਨੇ 2 ਲੱਖ , ਸਪਰਿੰਗਡੇਲ ਸਕੂਲ ਅੰਮ੍ਰਿਤਸਰ, ਸ੍ਰੀ ਰਮੇਸ਼ ਮਦਾਨ ਨੇ ਇਕ ਲੱਖ ਰੁਪਏ ਦਾ ਯੋਗਦਾਨ, ਸੁਰਜੀਤ ਭਾਟੀਆ, ਸ੍ਰੀ ਬਿਮਲ ਨੇ ਵੀ ਵੱਡਾ ਯੋਗਦਾਨ ਪਾਇਆ ਹੈ। ਉਨਾਂ ਕਿਹਾ ਕਿ ਇੰਨਾਂ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ ਹੈ, ਜੋ ਕਿ ਇਸ ਸੰਕਟ ਸਮੇਂ ਲੋੜਵੰਦ ਪਰਿਵਾਰਾਂ ਨਾਲ ਖੜੇ ਹਨ। ਇਸ ਮੌਕੇ ਡਿਪਟੀ ਮੇਅਰ ਸ੍ਰੀ ਯੂਨਿਸ, ਕੌਂਸਲਰ ਸ੍ਰੀ ਵਿਕਾਸ ਸੋਨੀ, ਸ੍ਰੀਮਤੀ ਰਾਜਬੀਰ ਕੌਰ, ਸ੍ਰੀ ਤਾਹਿਰ ਸ਼ਾਹ, ਸ੍ਰੀ ਸੁਨੀਲ, ਸ੍ਰੀ ਗੁਰਦੇਵ ਦਾਰਾ, ਸ੍ਰੀ ਅਰੁਨ ਕੁਮਾਰ ਪੱਪਲ, ਸ੍ਰੀ ਮਹੇਸ਼ ਖੰਨਾ, ਸ੍ਰੀ ਸੁਰਿੰਦਰ ਸ਼ਿੰਦਾ, ਸ੍ਰੀ ਸਰਬਜੀਤ ਲਾਟੀ, ਸ੍ਰੀ ਇਕਬਾਲ ਸਿੰਘ ਸ਼ੈਰੀ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

ਕੈਪਸ਼ਨ

ਕੈਬਨਿਟ ਮੰਤਰੀ ਆਪਣੀ ਰਿਹਾਇਸ਼ ਤੋਂ 5500 ਪਰਿਵਾਰਾਂ ਲਈ ਰਾਸ਼ਨ ਦੇ 12 ਟਰੱਕ ਰਵਾਨਾ ਕਰਦੇ ਹੋਏ। ਨਾਲ ਹਨ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਅਤੇ ਪੁਲਿਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ।

===========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਡੇਰਾ ਬਾਬਾ ਅਮੀਰ ਸਿੰਘ ਵੱਲੋਂ ਸੰਕਟ ਮੌਕੇ 820 ਪੀ ਪੀ ਕਿੱਟਾਂ ਪ੍ਰਸ਼ਾਸ਼ਨ ਨੂੰ ਭੇਟ

ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਨੇ ਕੀਤਾ ਬਾਬਾ ਮੱਖਣ ਸਿੰਘ ਦਾ ਧੰਨਵਾਦ

ਅੰਮ੍ਰਿਤਸਰ, 5 ਮਈ (        )-ਕਾਰ ਸੇਵਾ ਡੇਰਾ ਬਾਬਾ ਅਮੀਰ ਸਿੰਘ ਵੱਲੋਂ ਅੱਜ ਕੋਵਿਡ ਸੰਕਟ ਦੇ ਚੱਲਦੇ ਪ੍ਰਸ਼ਾਸ਼ਨ ਦੀ ਸਹਾਇਤਾ ਲਈ 820 ਪੀ ਪੀ ਈ ਕਿੱਟਾਂ, ਜੋ ਕਿ ਮੁੜ ਵੀ ਵਰਤੋਂ ਵਿਚ ਲਿਆਂਦੀਆਂ ਜਾ ਸਕਦੀਆਂ ਹਨ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ ਦੀ ਹਾਜ਼ਰੀ ਵਿਚ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਨੂੰ ਭੇਟ ਕੀਤੀਆਂ ਗਈਆਂ।

ਇਸ ਮੌਕੇ ਸੰਬੋਧਨ ਕਰਦੇ ਸ੍ਰੀ ਓ ਪੀ ਸੋਨੀ ਨੇ ਕਿਹਾ ਕਿ ਕੋਵਿਡ 19 ਦੇ ਵਿਰੁੱਧ ਜੰਗ ਵਿਚ ਪ੍ਰਸਾਸ਼ਨ ਅਤੇ ਆਮ ਲੋਕਾਂ ਦੀ ਸਹਾਇਤਾ ਲਈ ਸੰਤ ਬਾਬਾ ਅਮੀਰ ਸਿੰਘ ਡੇਰੇ ਵੱਲੋਂ ਲਗਾਤਾਰ ਸਹਾਇਤਾ ਕੀਤੀ ਜਾ ਰਹੀ ਹੈ। ਉਨਾਂ ਦੱਸਿਆ ਕਿ ਜਿੱਥੇ ਡੇਰੇ ਵੱਲੋਂ ਲੋੜਵੰਦਾਂ ਲਈ ਲੰਗਰ ਦੀ ਪੂਰਤੀ ਕੀਤੀ ਜਾ ਰਹੀ ਹੈ, ਉਥੇ ਇਨਾਂ ਫਰੰਟ ਉਤੇ ਲੜ ਰਹੇ ਸਾਡੇ ਕਰਮਚਾਰੀਆਂ ਦੀ ਸੁਰੱਖਿਆ ਲਈ ਪੀ ਪੀ ਈ ਕਿੱਟਾਂ ਦਾ ਵੱਡਾ ਯੋਗਦਾਨ ਪਾਇਆ ਹੈ, ਜੋ ਕਿ ਸਲਾਹੁਣਯੋਗ ਹੈ। ਇਸ ਮੌਕੇ ਬਾਬਾ ਮੱਖਣ ਸਿੰਘ ਨੇ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਅਸੀਂ ਲੋੜਵੰਦਾਂ ਦੀ ਸਹਾਇਤਾ ਲਈ ਕੰਮ ਕਰ ਰਹੇ ਹਾਂ। ਉਨਾਂ ਕਿਹਾ ਕਿ ਅੱਜ ਲੋੜ ਹੈ ਕਿ ਅਸੀਂ ਸਾਰੇ ਇਕ ਹੋ ਕੇ ਇਸ ਸੰਕਟ ਦਾ ਮੁਕਾਬਲਾ ਕਰੀਏ। ਉਨਾਂ ਸਾਰੇ ਜਿਲਾ ਵਾਸੀਆਂ ਨੂੰ ਅਪੀਲ ਵੀ ਕੀਤੀ ਕਿ ਉਹ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਘਰਾਂ ਵਿਚ ਰਹਿਣ ਤੇ ਜੇ ਬਾਹਰ ਆਉਣਾ ਪਵੇ ਤਾਂ ਸਾਰੀਆਂ ਸਾਵਧਾਨੀਆਂ ਦਾ ਪਾਲਣ ਕਰਨਾ ਯਕੀਨੀ ਬਨਾਉਣ।

ਇਸ ਮੌਕੇ ਸਿਵਲ ਸਰਜਨ ਸ੍ਰੀ ਜੁਗਲ ਕਿਸ਼ੋਰ, ਜਿਲਾ ਮਲੇਰੀਆ ਅਫ਼ਸਰ, ਡਾ. ਮਦਨ ਮੋਹਨ ਵੀ ਹਾਜ਼ਰ ਸਨ।

ਕੈਪਸ਼ਨ

ਬਾਬਾ ਮੱਖਣ ਸਿੰਘ ਪੀ ਪੀ ਈ ਕਿੱਟਾਂ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਨੂੰ ਭੇਟ ਕਰਨ ਮੌਕੇ। ਨਾਲ ਹਨ ਕੈਬਨਿਟ ਮੰਤਰੀ ਸ੍ਰੀ ਓ ਪੀ ਸੋਨੀ

============

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਲਾਕ ਡਾਊਨ ਮੌਕੇ ਅੰਮ੍ਰਿਤਸਰ ਦੇ ਖ਼ੂਬਸੂਰਤ ਦ੍ਰਿਸ਼ ਕੀਤੇ 'ਬਾਵਾ ਭਰਾਵਾਂ' ਨੇ

ਅੰਮ੍ਰਿਤਸਰ, 5 ਮਈ ( )-ਜ਼ਿਲਾ ਅੰਮ੍ਰਿਤਸਰ ਪ੍ਰਸ਼ਾਸ਼ਨ ਵੱਲੋਂ ਕਰਫਿਊ ਮੌਕੇ ਸ਼ਹਿਰ ਦੀ ਕੀਤੀ ਖ਼ੂਬਸੂਰਤ ਫੋਟੋਗ੍ਰਾਫੀ, ਜੋ ਕਿ ਸੋਸ਼ਲ ਮੀਡੀਆ ਉਤੇ ਬਹੁਤ ਵਾਇਰਲ ਹੋ ਰਹੀ ਹੈ, ਤੋਂ ਪ੍ਰਭਾਵਿਤ ਹੋ ਕੇ ਬਾਵਾ ਸਟੂਡਿਊ ਅੰਮ੍ਰਿਤਸਰ ਨੇ ਵੀ ਸ਼ਹਿਰ ਦੀਆਂ ਖ਼ੂਬਸੂਰਤ ਸਥਾਨਾਂ ਦੀ ਬਾਕਮਾਲ ਪੇਸ਼ਕਾਰੀ ਆਪਣੇ ਕੈਮਰੇ ਨਾਲ ਕੀਤੀ ਹੈ। ਦੱਸਣਯੋਗ ਹੈ ਕਿ ਜਸਵਿੰਦਰ ਸਿੰਘ ਬਾਵਾ ਮੁੱਖ ਮੰਤਰੀ ਪੰਜਾਬ ਦੇ ਮੀਡੀਆ ਟੀਮ ਦਾ ਅਹਿਮ ਹਿੱਸਾ ਹਨ ਅਤੇ ਲਾਕ-ਡਾਊਨ ਦੇ ਚੱਲਦੇ ਉਹ ਸ਼ਹਿਰ ਵਿਚ ਘਿਰੇ ਹੋਏ ਹਨ। ਇਸ ਦੌਰਾਨ ਜਿੱਥੇ ਉਨਾਂ ਸਰਕਾਰ ਵੱਲੋਂ ਚਲਾਏ ਜਾ ਰਹੇ ਰਾਹਤ ਦੇ ਕੰਮਾਂ ਨੂੰ ਆਪਣੇ ਕੈਮਰੇ ਵਿਚ ਕੈਦ ਕੀਤਾ, ਉਥੇ ਮੰਡੀਆਂ ਵਿਚ ਚੱਲ ਰਹੀ ਕਣਕ ਦੀ ਸੁਰੱਖਿਆ ਖਰੀਦ ਨੂੰ ਤਸਵੀਰਾਂ ਰਾਹੀਂ ਬਿਆਨ ਕੀਤਾ ਹੈ।

ਹੁਣ ਉਨਾਂ ਸ਼ਹਿਰ ਦੇ ਅਹਿਮ ਸਥਾਨ, ਜਿੰਨਾ ਵਿਚ ਸ੍ਰੀ ਦਰਬਾਰ ਸਾਹਿਬ ਦੇ ਵੱਖ-ਵੱਖ ਪਾਸਿਉਂ ਤੋਂ ਲਏ ਗਏ ਸੁੰਦਰ ਦ੍ਰਿਸ਼, ਵਿਰਾਸਤੀ ਗਲੀ, ਗੋਲਡਨ ਗੇਟ, ਜਲੰਧਰ-ਅੰਮ੍ਰਿਤਸਰ ਰਾਸ਼ਟਰੀ ਮਾਰਗ, ਐਲੀਵੇਟਿਡ ਰੋਡ, ਸ਼ਹੀਦ ਮਦਨ ਲਾਲ ਬੱਸ ਸਟੈਂਡ, ਖਾਲਸਾ ਕਾਲਜ ਦੇ ਬਹੁਤ ਹੀ ਦਿਲਕਸ਼ ਦ੍ਰਿਸ਼, ਸਥਾਪਨਾ ਦਾ 550 ਸਾਲਾ ਦਿਵਸ ਮਨਾ ਰਹੀ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਇੰਡੀਆ ਗੇਟ, ਵਾਰ ਮੈਮੋਰੀਅਲ, ਮਾਲ ਆਫ ਅੰਮ੍ਰਿਤਸਰ, ਟ੍ਰਿਲੀਅਮ ਮਾਲ, ਫੋਰਟਿਸ ਹਸਪਤਾਲ, ਗੁਰੂ ਨਾਨਕ ਦੇਵ ਸਟੇਡੀਅਮ, ਕੰਪਨੀ ਬਾਗ, ਸਾਡਾ ਪਿੰਡ, ਕਿਲਾ ਗੋਬਿੰਦਗੜ ਸ਼ਾਮਿਲ ਹਨ, ਨੂੰ ਆਪਣੇ ਹੁਨਰ ਨਾਲ ਖਿੱਚੀਆਂ ਤਸਵੀਰਾਂ ਅੰਮ੍ਰਿਤਸਰ ਨੂੰ ਪਿਆਰ ਕਰਨ ਵਾਲਿਆਂ ਲਈ ਪੇਸ਼ ਕੀਤੀਆਂ ਹਨ। ਇਸ ਵਿਚ ਵੱਡਾ ਸਾਥ ਦਿੱਤਾ ਹੈ ਉਨਾਂ ਦੇ ਭਰਾ ਸੁਖਜਿੰਦਰ ਸਿੰਘ ਰਾਜੂ ਨੇ ਜੋ ਕਿ ਆਪ ਵੀ ਚੰਗੇ ਫੋਟੋਗ੍ਰਾਫਰ ਹਨ। ਜ਼ਿਆਦਾਤਰ ਤਸਵੀਰਾਂ ਡੋਰਨ ਨਾਲ ਲਈਆਂ ਹੋਣ ਕਾਰਨ ਬਹੁਤ ਹੀ ਖ਼ੂਬਸੂਰਤ ਦ੍ਰਿਸ਼ ਪੇਸ਼ ਕਰਦੀਆਂ ਹਨ। ਸ੍ਰੀ ਜਸਵਿੰਦਰ ਸਿੰਘ ਨੇ ਕਿਹਾ ਕਿ ਭਾਵੇਂ ਸ਼ਹਿਰ ਦਾ ਇੰਨਾ ਸਾਂਤ ਹੋਣਾ ਮਨ ਨੂੰ ਚੰਗਾ ਨਹੀਂ ਲੱਗਦਾ, ਪਰ ਕੈਮਰੇ ਲਈ ਇਤਹਾਸਕ ਮੌਕੇ ਤਸਵੀਰਾਂ ਖਿੱਚਣ ਦਾ ਇਸ ਤੋਂ ਵਧੀਆ ਮੌਕੇ ਵੀ ਕੋਈ ਨਹੀਂ ਹੋ ਸਕਦਾ, ਜਦੋਂ ਕਿ ਅਸਮਾਨ ਵੀ ਬਿਲਕੁੱਲ ਸਾਫ ਤੇ ਸੜਕਾਂ ਵੀ। ਸੋ ਇਹ ਤਸਵੀਰਾਂ ਮੈਂ ਅੰਮ੍ਰਿਤਸਰ ਦੇ ਚਾਹੁਣ ਵਾਲਿਆਂ ਲਈ ਹੀ ਖਿੱਚੀਆਂ ਹਨ।

===========